
International Journal of Multidisciplinary Research and Development 2014; 1(7): 453-454



International Journal of
Multidisciplinary Research and
Development



IJMRD 2014; 1(7): 453-454
www.allsubjectjournal.com
Received: 20-10-2014
Accepted: 12-11-2014
e-ISSN: 2349-4182
p-ISSN: 2349-5979

**Dr. Rachhpal Singh Uppal**
Guru Nanak Khalsa College,
Abohar, Punjab, India.

# ਭਾਰਤੀ ਨਾਰੀ ਦਾ ਸਮਾਜ ਵਿਚ ਬਦਲਦਾ ਸਰੂਪ : ਇਤਿਹਾਸਕ ਪਰਿਪੇਖ

## Dr. Rachhpal Singh Uppal

ਹਰ ਦੌਰ ਬਦਲਾਵ ਦਾ ਦੌਰ ਹੁੰਦਾ ਹੈ। ਇਹ ਬਦਲਾਵ ਹਰ ਦੇਸ਼, ਕੌਮ, ਸਮਾਜ, ਲੋਕ, ਸੰਸਕ੍ਰਿਤੀ ਆਦਿ ਵਿਚ ਨਿਰੰਤਰ ਆਉਂਦਾ ਰਹਿੰਦਾ ਹੈ। ਸਾਧਾਰਨ ਔਜ਼ਾਰ ਬਣਾਉਣ ਤੋਂ ਲੈ ਕੇ ਅਜੋਕੇ ਵਿਗਿਆਨ-ਤਕਨੋਲੋਜੀ ਦੇ ਯੁੱਗ ਵਿਚ ਕੰਪਿਊਟਰ, ਫੇਸਬੁੱਕ, ਇੰਟਰਨੈੱਟ ਅਤੇ ਵੱਟਸਅਪ ਦੀ ਆਮਦਤੱਕ, ਮਨੁੱਖ ਦੀ ਪ੍ਰਕਿਰਤੀ ਅਤੇ ਸਮਾਜ ਨਾਲ ਜੱਦੋ-ਜਹਿਦ ਹੀ ਇਸ ਬਦਲਾਵ ਦਾ ਕਾਰਨ ਬਣਦੀ ਰਹੀ ਹੈ। ਸਮੁੱਚੇ ਮਨੁੱਖੀ ਸਮਾਜ ਵਿਚ ਵਾਪਰੇ ਵੱਖ-ਵੱਖ ਪਰਿਵਰਤਨਾਂ ਨੇ ਭਾਰਤੀ ਔਰਤ ਦੀ ਸਥਿਤੀ ਨੂੰ ਵੀ ਸਦਾ ਇੱਕੋ-ਜਿਹਾ ਨਹੀਂ ਰਹਿਣ ਦਿੱਤਾ ਸਗੋਂ ਇਸ ਵਿਚ ਨਿਰੰਤਰ ਬਦਲਾਵ ਆਉਂਦਾ ਰਿਹਾ ਹੈ। ਵੈਦਿਕ ਕਾਲ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਭਾਰਤੀ ਔਰਤ ਦਾ ਜੀਵਨ ਅਣਗਿਣਤ ਪੜਾਵਾਂ ਵਿਚੋਂ ਗੁਜ਼ਰਿਆ ਹੈ। ਔਰਤ-ਜੀਵਨ ਦੇ ਇੰਨ੍ਹਾਂ ਵੱਖ-ਵੱਖ ਪੜਾਵਾਂ ਨੂੰ ਅਸੀਂਆਪਣੇ ਸਾਹਿਤ ਵਿਚੋਂ ਭਲੀ-ਭਾਂਤ ਵੇਖ ਸਕਦੇ ਹਾਂ ਕਿਉਂਕਿ ਸਾਹਿਤ ਦਾ ਵਸਤੂ ਮਨੁੱਖ ਦਾ ਸਮਾਜਿਕ ਜੀਵਨ ਹੁੰਦਾ ਹੈ ਜਿਹੜਾ ਲਗਾਤਾਰ ਤਬਦੀਲ ਹੁੰਦਾ ਰਹਿੰਦਾ ਹੈ।ਇਉਂ ਬਦਲਿਆ ਹੋਇਆ ਵਸਤੂ ਹੀ ਨਵੇਂ ਰੂਪ ਨੂੰ ਜਨਮ ਦਿੰਦਾ ਹੈ। ਵੈਦਿਕ ਕਾਲ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਭਾਰਤੀ ਔਰਤ ਦੀ ਸਮਾਜਿਕ ਸਥਿਤੀ ਵਿਚ ਕਿਹੜੇ-ਕਿਹੜੇ ਪਰਿਵਰਤਨ ਆਏ, ਦਾ ਵਰਣਨ ਕਰਨਾ ਹੀ ਮੇਰਾ ਇਸ ਖੋਜ-ਪੱਤਰਦਾ ਮੂਲ ਮਨੋਰਥ ਹੈ।

ਵੈਦਿਕ ਕਾਲ ਵਿਚ ਔਰਤ ਨੂੰ ਉੱਤਮ ਸਥਾਨ ਪ੍ਰਾਪਤ ਸੀ। ਔਰਤ ਘਰ ਦੀ ਮਾਲਕ ਹੁੰਦੀ ਸੀ ਅਤੇ ਆਪਣਾ ਹਰ ਫੈਸਲਾ ਕਰਨ ਲਈ ਸੁਤੰਤਰ ਸੀ। ਕੋਈ ਵੀ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਉਤਸਵ ਔਰਤ ਦੀ ਹਾਜ਼ਰੀ ਤੋਂ ਬਿਨ੍ਹਾਂ ਮੁਕੰਮਲ ਨਹੀਂ ਸਮਝਿਆ ਜਾਂਦਾ ਸੀ।ਔਰਤ ਨੂੰ ਧਾਰਮਿਕ ਤੇ ਸੀ।ਹਿੰਦੂ-ਮਿਥਿਹਾਸਕ ਗ੍ਰੰਥਾਂ ਵਿਚ ਵੀ ਮਾਤਰ-ਪ੍ਰਧਾਨਤਾ ਦੀਆਂ ਮਿਸਾਲਾਂ ਮਿਲਦੀਆਂ ਹਨ।ਔਰਤ ਦੀ ਸਥਿਤੀ ਦੇ ਪਤਨ ਦੇ ਪਿੱਛੇ ਇੱਕ ਕਾਰਨ ਲੜਕੀ ਦੀ ਸ਼ੁੱਧਤਾ ਨੂੰ ਕਾਇਮ ਰੱਖਣ ਲਈ ਉਸਦੀ ਵਿਆਹ ਦੀ ਉਮਰ ਨੂੰ ਘਟਾਉਣਾ ਵੀ ਸ਼ਾਮਿਲ ਹੈ।ਲਗਭਗ 200 ਏ. ਡੀ. ਦੇ ਕਰੀਬਲੜਕੀਆਂ ਦੀ ਸ਼ਾਦੀ 'ਮੈਨਸੂਰੇਸ਼ਨ' ਤੋਂ ਪਹਿਲਾਂ ਕਰਨ ਦੀ ਪ੍ਰਥਾ ਸ਼ੁਰੂ ਹੋਈ। ਸਭ ਤੋਂ ਪਹਿਲਾਂ ਬ੍ਰਾਹਮਣ ਜਾਤੀ ਨੇ ਇਸ ਨੂੰ ਅਪਣਾਇਆ। ਵਿਆਹ ਦੀ ਉਮਰ ਘਟ ਕੇ 10-12 ਸਾਲ ਤੱਕ ਪਹੁੰਚ ਗਈ। ਛੋਟੀ ਉਮਰ ਵਿਚ ਵਿਆਹ ਹੋਣ ਨਾਲ ਲੜਕੇ ਅਤੇ ਲੜਕੀਆਂ ਆਪਣੀ ਛੋਟੀ ਉਮਰ ਵਿਚ ਹੀ ਕਾਮੁਕ ਸੰਬੰਧਾਂ ਵਿਚ ਲੀਨ ਹੋਣੇ ਸ਼ੁਰੂ ਹੋ ਗਏ। ਇਸ ਪਰੰਪਰਾ ਨੇ ਜਿੱਥੇ ਔਰਤਾਂ ਨੂੰ ਸਿੱਖਿਆ ਤੋਂ ਦੂਰ ਰੱਖਿਆ ਉੱਥੇ ਉਨ੍ਹਾਂ ਦੀ ਸਮਾਜ ਵਿਚਲੀ ਸਥਿਤੀ ਨੂੰ ਵੀ ਸੱਟ ਮਾਰੀ। ਛੋਟੀ ਉਮਰ ਵਿਚ ਵਿਧਵਾ ਹੋ ਜਾਣ ਦੀ ਸੂਰਤ ਵਿਚ ਲੜਕੀਆਂ ਦੇ ਪੁਨਰ-ਵਿਆਹ ਦੀ ਕੋਈ ਵਿਵਸਥਾ ਨਹੀਂ ਸੀ ਜਿਸ ਕਾਰਨ ਵਿਧਵਾ ਲੜਕੀ ਨੂੰ ਸਮਾਜ ਤੋਂ ਅਲੱਗ ਕਰ ਦਿੱਤਾ ਜਾਂਦਾ ਸੀ। ਸਤੀ ਪ੍ਰਥਾ ਦਾ ਆਰੰਭ ਔਰਤ ਦੀ ਤਰਸਯੋਗ ਅਤੇ ਨਿੰਦਣਯੋਗ ਦਸ਼ਾ ਵੱਲ ਇਸ਼ਾਰਾ ਕਰਦਾ ਹੈ ਜਿਸ ਵਿਚ ਵਿਧਵਾ ਨੂੰ ਉਸਦੇ ਪਤੀ ਦੀ ਚਿਤਾ ਵਿਚ ਜਿੰਦਾ ਜਲਾ ਦਿੱਤਾ ਜਾਂਦਾ ਸੀ।

ਇਸਲਾਮ ਧਰਮ ਦੇ ਆਗਮਨ ਨਾਲ ਔਰਤਾਂ ਵਿਚ ਪਰਦਾ ਪ੍ਰਥਾ ਦਾ ਆਰੰਭ ਹੋਇਆ ਜਿਸ ਨਾਲ ਔਰਤਾਂ ਨੂੰ ਪਰਦੇ ਦੀ ਵਸਤੂ ਬਣਾ ਕੇ ਰੱਖ ਦਿੱਤਾ ਗਿਆ। ਔਰਤ ਦੇ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਗਤੀਵਿਧੀਆਂ ਵਿਚ ਭਾਗ ਲੈਣ 'ਤੇ ਮੁਕੰਮਲ ਪਾਬੰਦੀ ਲਗਾ ਦਿੱਤੀ ਗਈ। ਔਰਤ ਦੀ ਉਸ ਸਮੇਂ ਦੀ ਸਥਿਤੀ ਬਾਰੇ ਡਾ.ਈਸ਼ਵਰ ਟੇਪਾ ਦਾ ਕਥਨ ਇਸ ਪ੍ਰਕਾਰ ਹੈ :-

> *ਔਰਤ ਦੀ ਸੁਤੰਤਰਤਾ ਨੂੰ ਘੱਟ ਕਰਨ ਵਾਲੀ ਸਮਾਜਿਕ ਲਹਿਰ ਉਸਦੇ ਪਤਨ ਦਾ ਕਾਰਨ ਬਣੀ। ਔਰਤ ਸੁਤੰਤਰ ਵਿਅਕਤੀਤਵ ਦੀ ਧਾਰਨਾ ਨਾ ਰਹੀ, ਬਲਕਿ ਮਰਦ ਦੀ ਦਾਸੀ ਬਣ ਗਈ। ਭਾਰਤੀ ਆਰੀਆ ਇਸਤਰੀ ਦੀ ਸਮਾਜਿਕ ਸ਼ਕਤੀ ਵਿਲੀਨ ਹੋ ਗਈ। ਮਰਦ ਨੇ ਕਾਨੂੰਨ ਬਣਾਏ, ਮਰਦ ਨੇ ਹੀ ਆਪਣੇ ਦ੍ਰਿਸ਼ਟੀਕੋਣ ਤੋਂ ਇਸਤਰੀ ਦੀ ਕਿਸਮਤ ਦਾ ਫੈਸਲਾ ਕੀਤਾ। ਇਸਤਰੀ ਦੇ ਰੂਪ ਵਿਚ ਉਹ ਮਰੀ ਹੋਈ ਸੀ। ਉਸਦਾ ਸਹਿਯੋਗ ਲੋਕਾਂ ਦੇ ਸੰਸਕ੍ਰਿਤਕਜੀਵਨਵਿਚ ਸਾਕਾਰਾਤਮਕ, ਨਿਸ਼ਚਿਤ ਅਤੇ ਯਥਾਰਥਕਨਹੀਂ ਸੀ, ਇਹ ਕੇਵਲਨਾਕਾਰਾਤਮਕ ਤੇ ਬਾਹਰੀ ਸੀ।*[1]

ਮਰਦ-ਪ੍ਰਧਾਨ ਸਮਾਜ ਵਿਚ ਔਰਤ ਦੀ ਸਥਿਤੀ ਗੌਣ ਬਣ ਕੇ ਰਹਿ ਗਈ। ਮਰਦ ਪ੍ਰਧਾਨ ਸਮਾਜ ਵਿਚ ਔਰਤ ਵਿਅਕਤੀਤਵ ਨਾਲ ਵਸਤੂ ਦੇ ਰੂਪ ਵਿਚ ਜਾਣੀ ਜਾਂਦੀ ਸੀ। ਔਰਤ ਦੀ ਇਸ ਸਥਿਤੀ ਨੂੰ ਪਰਿਵਾਰਕ ਰਿਸ਼ਤਿਆਂ

**Correspondence**
**Dr. Rachhpal Singh Uppal**
Guru Nanak Khalsa College,
Abohar, Punjab, India.

ਵਿਚ ਆਈ ਤਬਦੀਲੀ ਅਤੇ ਸਮਾਜਿਕ ਪ੍ਰਗਤੀ ਨਾਲ ਜੋੜ ਕੇ ਇੱਕ ਵਿਦਵਾਨ ਨੇ ਇਸ ਤਰ੍ਹਾਂ ਸਪੱਸ਼ਟਕੀਤਾ ਹੈ :-

> *ਪਰਿਵਾਰ ਭਿੰਨ-ਭਿੰਨ ਅਵਸਥਾਵਾਂ ਵਿਚੋਂ ਦੀ ਲੰਘ ਕੇ ਵਿਕਸਤ ਹੋਇਆ ਹੈ, ਸਭ ਤੋਂ ਹੇਠਲੀ ਅਵਸਥਾ ਖੁੱਲ੍ਹੇ ਲਿੰਗੀ ਸੰਬੰਧਾਂ ਤੋਂ ਵਿਕਾਸ ਕਰਕੇ ਪਰਿਵਾਰ ਸਭ ਤੋਂ ਉਚੇਰੀ ਅਵਸਥਾ ਵਿਚ ਵਿਆਹ ਤੱਕ ਪੁੱਜ ਗਿਆ ਅਤੇ ਜਿਉਂ-ਜਿਉਂ ਸਮਾਜ ਪ੍ਰਗਤੀ ਕਰਦਾ ਗਿਆ ਤਿਉਂ-ਤਿਉਂ ਇਹ ਵਧੇਰੇ ਪ੍ਰਾਚੀਨ ਮਾਤਰ-ਪ੍ਰਧਾਨਤਾ ਅਵਸਥਾ ਤੋਂ ਵਧੇਰੇ ਉੱਤਮ ਅਵਸਥਾ ਅਰਥਾਤ ਪਿਤਰ-ਪ੍ਰਧਾਨਤਾ ਵੱਲ ਨੂੰ ਵਧਦਾਗਿਆ।*[2]

ਮੱਧਕਾਲ ਵਿਚ ਔਰਤ ਦੀ ਸਥਿਤੀ ਹੋਰ ਵੀ ਤਰਸਯੋਗ ਹੋ ਗਈ, ਜਿਸ ਕਰਕੇ ਸਿੱਖਾਂ ਦੇ ਪਹਿਲੇ ਗੁਰੂ ਤੇ ਮੱਧਕਾਲ ਦੇ ਮਹਾਨ-ਚਿੰਤਕ ਗੁਰੂ ਨਾਨਕ ਨੇ ਵੀ ਚਿੰਤਾ ਪ੍ਰਗਟ ਕੀਤੀ। 'ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨੁ' ਦੀ ਸਿੱਖਿਆ ਦੇ ਕੇ ਔਰਤ ਨੂੰ ਬਰਾਬਰਤਾ ਦਾ ਹੱਕ ਦਿੱਤਾ। ਔਰਤ ਦੇ ਪੁਨਰ-ਉਥਾਨ ਲਈ ਨਵੀਂ ਜਾਗ੍ਰਿਤੀ ਪੈਦਾ ਹੋਈ। ਔਰਤ ਦੀ ਕਮਜ਼ੋਰ ਸਥਿਤੀ ਲਈ ਜਿੱਥੇ ਕੁਝ ਸਮਾਜਿਕ ਕਾਰਨ ਜ਼ਿੰਮੇਵਾਰ ਹਨ, ਉੱਥੇ ਇੱਕ ਕਾਰਨ ਆਰਥਿਕਤਾ ਵੀ ਹੈ।ਮਰਦ-ਪ੍ਰਧਾਨ ਸਮਾਜ ਵਿਚ ਪੈਦਾਵਾਰ ਦੇ ਸਾਰੇ ਹੱਕ ਮਰਦ ਕੋਲ ਰਾਖਵੇਂ ਹਨ।ਇਸ ਲਈ ਔਰਤ ਦਾ ਆਰਥਿਕ ਪੱਖ ਕਮਜ਼ੋਰ ਹੋਣਾ ਵੀ ਉਸਦੇ ਨਿਘਾਰ ਵੱਲ ਜਾਂਦੀ ਸਥਿਤੀ ਲਈ ਜ਼ਿੰਮੇਵਾਰ ਬਣਿਆ। ਔਰਤ ਦੀ ਸਥਿਤੀ ਨੂੰ ਆਰਥਿਕਤਾ ਨਾਲ ਜੋੜਦੇ ਹੋਏ ਪ੍ਰਸਿੱਧ ਵਿਦਵਾਨ ਏਂਗਲਜ਼ ਨੇ ਸਪੱਸ਼ਟ ਕੀਤਾ ਹੈ :-

> *ਔਰਤ ਦੀ ਬਰਾਬਰਤਾ ਦਾ ਕਾਰਨ ਉਸ ਵੱਲੋਂ ਘਰ ਦੀ ਆਰਥਿਕਤਾ ਵਿਚ ਯੋਗ ਹਿੱਸਾ ਨਾ ਪਾ ਸਕਣਾ ਹੈ।*[3]

ਜਾਗੀਰ ਦਾਰੀ-ਪ੍ਰਬੰਧ ਵਿਚ ਵੀ ਉਤਪਾਦਨ ਦਾ ਸਾਧਨ ਮਰਦ ਕੋਲ ਸੀ। ਇਸ ਲਈ ਔਰਤ ਦਾ ਕੰਮ ਮਰਦ ਦੀ ਕਾਮ-ਪੂਰਤੀਕਰਨਾ, ਬੱਚੇ ਪੈਦਾਕਰਨਾ ਅਤੇ ਘਰ ਵਿਚਲੇ ਹੋਰਕੰਮ ਸੰਭਾਲਣਾ ਸੀ।ਮਰਦ ਘਰੋਂ ਬਾਹਰ, ਚਾਹੇ ਲੁਕ-ਛਿਪ ਕੇ ਹੀ ਸਹੀ, ਹਰੇਕ ਖੁੱਲ੍ਹਦਾ ਆਨੰਦ ਮਾਣਦਾ ਸੀ ਪਰੰਤੂ ਔਰਤ ਉੱਪਰ ਅਜਿਹੀ ਖੁੱਲ੍ਹ ਦੀ ਹਮੇਸ਼ਾਂ ਬੰਦਿਸ਼ ਰਹੀ ਹੈ।ਇਸ ਤੋਂ ਇਲਾਵਾ ਔਰਤ ਕੋਲੋਂ ਹਰ ਸਮੇਂ ਵਫ਼ਾਦਾਰੀ ਦੀ ਮੰਗ ਕੀਤੀ ਜਾਂਦੀ। ਔਰਤ ਅਤੇ ਮਰਦ ਦੇ ਸੰਬੰਧਾਂ ਬਾਰੇ ਡਾ.ਅਤਰ ਸਿੰਘ ਦੀ ਟਿੱਪਣੀ ਇਸ ਪ੍ਰਕਾਰ ਹੈ :-

> *ਪ੍ਰਸੰਗ ਆਰਥਿਕ ਹੋਣ ਭਾਵੇਂ ਸਮੂਹਿਕ ਅਵਚੇਤਨ ਦੇ, ਪਰ ਹਰ ਹਾਲਤ ਵਿਚ ਪੁਰਸ਼ ਇਸਤਰੀ ਦੀ ਸਰੀਰਕਤਾ ਤੋਂ ਭੈਭੀਤ ਰਿਹਾ ਹੈ। ਇਸ ਲਈ ਉਸਨੇ ਇਸਤਰੀ ਨੂੰ ਜਾਂ ਦਿੱਵਤਾ ਦੇ ਮੰਡਲ ਵਿਚ ਰੱਖਿਆ ਹੈ ਜਾਂ ਪਾਸਵਤਾ ਦੇ ਮੰਡਲ ਵਿਚ। ਉਹ ਇਸਤਰੀ ਦੀ ਸਰੀਰਕਤਾ ਜਾਂ ਮਾਂਸਲਤਾ ਲਈ ਲੁੱਛਦਾਤਾਂ ਹੈ ਪਰ ਉਸਨੂੰ ਸਵੀਕਾਰਦਾ ਨਹੀਂ।*[4]

ਜਾਗੀਰਦਾਰੀ ਸਮਾਜ ਤੋਂ ਬਾਅਦ ਪੂੰਜੀਵਾਦੀ ਸਮਾਜ ਵਿਚ ਵੀ ਔਰਤ ਦੀ ਜੀਵਨ-ਸ਼ੈਲੀ ਵਿਚ ਇੱਕ ਵੱਡਾ ਪਰਿਵਰਤਨ ਆਇਆ। ਪੈਦਾਵਾਰੀ ਸ਼ਕਤੀਆਂ ਦੇ ਵਿਕਸਤ ਹੋਣ ਨਾਲ ਸਮਾਜਿਕ ਰਿਸ਼ਤਿਆਂ ਵਿਚਤਬਦੀਲੀ ਆਈ। ਬਦਲਰਹੇ ਆਰਥਿਕ ਅਤੇ ਸਮਾਜਿਕ ਰਿਸ਼ਤਿਆਂ ਵਿਚ ਤਬਦੀਲੀ ਨਾਲ ਨਿੱਜੀ ਆਜਾਦੀ ਦੇ ਨਵੇਂ ਸੰਕਲਪ ਹੋਂਦ ਵਿਚ ਆਉਣੇ ਸ਼ੁਰੂ ਹੋਏ। ਸੰਗਠਤ ਪਰਿਵਾਰ ਇਕਹਿਰੇ ਪਰਿਵਾਰਾਂ ਵਿਚ ਪਰਵਰਤਿਤ ਹੋਣਲੱਗੇ। ਪੂੰਜੀਵਾਦੀ ਸਮਾਜ ਨੇ ਹਰ ਰਿਸ਼ਤੇ ਜਿਵੇਂ ਔਰਤ-ਮਰਦ, ਭੈਣ-ਭਰਾ, ਪਿਓ-ਪੁੱਤ, ਮਾਂ-ਧੀਆ ਦਿ ਵਿਚ ਵਿਆਪਕ ਤਬਦੀਲੀਆਂ ਲਿਆਂਦੀਆਂ। ਧੀ ਨੇ ਜਦੋਂ ਪਿਓ ਦੀ ਜਾਇਦਾਦ ਵਿਚ ਹਿੱਸਾ ਵੰਡਾਉਣਾ ਸ਼ੁਰੂ ਕਰ ਦਿੱਤਾ ਤਾਂ ਉਦੋਂ ਤੋਂ ਭੈਣ-ਭਰਾ ਦੇ ਰਿਸ਼ਤੇ ਵਿਚ ਕੁੜੱਤਣ ਆਉਣੀ ਸ਼ੁਰੂ ਹੋ ਗਈ। ਔਰਤ ਦਾ ਆਰਥਿਕ ਖੇਤਰ ਵਿਚ ਪ੍ਰਵੇਸ਼ ਮਰਦ ਲਈ ਚੁਨੌਤੀ ਆਂ ਪੈਦਾ ਕਰਨ ਲੱਗਾ। ਜਾਗੀਰਦਾਰੀ ਸਮਾਜ ਵਿਚ ਔਰਤ ਦੀ ਜੁੱਤੀ ਸਮਝੀ ਜਾਂਦੀ ਔਰਤ ਪੂੰਜੀਵਾਦੀ ਸਮਾਜਿਕ ਪ੍ਰਬੰਧ ਵਿਚ ਮਰਦ ਦੇ ਬਰਾਬਰ ਖਲੋਣ ਲੱਗ ਪਈ।

ਅਜੋਕੇ ਸਮੇਂ ਆਰਥਿਕ ਮਜ਼ਬੂਰੀ ਕਾਰਨ ਜਾਂ ਵਧੇਰੇ ਸਹੂਲਤਾਂ ਪ੍ਰਾਪਤ ਕਰਨ ਲਈ ਔਰਤ ਨੇ ਪ੍ਰਵਾਸ ਜਾਣ ਦਾ ਰਾਹ ਅਖਤਿਆਰ ਕਰ ਲਿਆ। ਮਿਹਨਤ-ਮੁਸ਼ੱਕਤ ਨਾਲ ਔਰਤ ਨੇ ਆਪਣੀ ਆਰਥਿਕਤਾ ਨੂੰ ਸੁਧਾਰ ਲਿਆ। ਅੱਜ ਹਰ ਦੇਸ਼, ਹਰ ਖਿੱਤੇ ਅਤੇ ਹਰ ਕੌਮ ਦੀ ਔਰਤ, ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਹੀ ਨਹੀਂ ਖੜ੍ਹੀ ਸਗੋਂ ਮਰਦ ਤੋਂ ਅੱਗੇ ਨਿੱਕਲ ਰਹੀ ਹੈ। ਮਰਦ ਦੀ ਸੋਚ ਵੀ ਔਰਤ ਪ੍ਰਤੀ ਬਦਲਣ ਲੱਗੀ ਹੈ। ਔਰਤ ਦੂਰ-ਦੁਰੇਡੇ ਥਾਵਾਂ 'ਤੇ ਨੌਕਰੀ ਕਰਨ ਲਈ ਇਕੱਲੀ ਹੀ ਘਰ ਤੋਂ ਬਾਹਰ ਜਾ ਰਹੀ ਹੈ। ਸਾਡੇ ਦੇਸ਼ ਵਿਚ ਅਜੋਕੇ ਸਮੇਂ ਬਹੁਤ ਸਾਰੇ ਖੇਤਰ ਅਜਿਹੇ ਹਨ ਜਿੱਥੇ ਔਰਤ ਦੇ ਅਧੀਨ ਕੰਮ ਕਰਨ ਵਾਲੇ ਮਰਦ ਹਨ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਵੈਦਿਕ ਕਾਲ ਤੋਂ ਲੈ ਕੇ ਅਜੋਕੇ ਸਮੇਂ ਤੱਕ ਭਾਰਤੀ ਔਰਤ ਨੇ ਆਪਣੇ ਜੀਵਨ ਨੂੰ ਅਨੇਕ ਰੂਪਾਂ ਵਿਚ ਹੰਢਾਇਆ ਹੈ।ਜੀਵਨ ਦੇ ਵਿਭਿੰਨ ਖੇਤਰਾਂ ਵਿਚ ਜੇਕਰ ਔਰਤ ਇਸੇ ਰਫ਼ਤਾਰ ਨਾਲ ਹੀ ਅੱਗੇ ਵਧਦੀ ਰਹੀ ਤਾਂ ਬਹੁਤ ਛੇਤੀ ਮਰਦ ਨੂੰ ਪਿੱਛੇ ਛੱਡ ਜਾਵੇਗੀ। ਔਰਤ ਦੀ ਅੱਗੇ ਵਧਣ ਦੀ ਇਸ ਰਫ਼ਤਾਰ ਨੂੰ ਵੇਖ ਕੇ ਜਾਪਦਾ ਹੈ ਕਿ ਉਸਦਾ ਭਵਿੱਖ ਉਜਲਾ ਹੋਵੇਗਾ। ਇਸ ਗੱਲਦਾ ਸਭ ਤੋਂ ਵੱਡਾ ਪ੍ਰਮਾਣ ਸਾਡਾ ਸਮਕਾਲੀ ਸਾਹਿਤਹੀ ਹੈ।

### ਹਵਾਲੇ ਅਤੇ ਟਿੱਪਣੀਆਂ


1) Ishwar Tepa, Our Cultural Heritage, Page -31&32
2) ਬਲਦੇਵ ਸਿੰਘ ਚਹਿਲ, ਸੈਮੂਅਲ ਕੋਇਨਿੰਗ, ਸਮਾਜ ਵਿਗਿਆਨ, ਸਮਾਜ ਦੇ ਵਿਗਿਆਨ ਨਾਲ ਜਾਣ-ਪਛਾਣ, ਪੰਨਾ-133
3) ਏਂਗਲਜ਼, ਟੱਬਰ, ਨਿੱਜੀ ਜਾਇਦਾਦ ਤੇ ਰਾਜ ਦਾ ਮੁੱਢ,ਪੰਨਾ-82
4) ਅਤਰ ਸਿੰਘ, ਆਪਣੀ ਮਾਨਵਤਾ ਦੀ ਤਾਲਾਸ਼ ਵਿਚ ਭਟਕਦੀ ਇਸਤਰੀ, "ਸਾਵੀਆਂ ਚਿੜ੍ਹੀਆਂ ਦੇ ਪ੍ਰਸੰਗ ਵਿਚ",ਆਰਸੀ, ਅਪ੍ਰੈਲ, 1981, ਪੰਨਾ-24-25